The **CHARM** Clinic's goal is to help keep the patient in the community and out of the hospital. The family physician can refer directly to the **CHARM** clinic when HF is suspected. The patient will be seen by the Cardiologist. Once diagnosis is confirmed, the patient is then given a second appointment with a HF nurse to provide assistance with self-management, patient education and help with medications. The patient also gets followed by the HF specialist to optimize medications and avoid hospitalizations. Patients who do not have a HF diagnosis or if their heart function improves will receive continued care in the general cardiology clinic. During this process, patients can also be referred to other specialties within the clinic to address their other co-morbidities and/or risk factors.


At **CHARM** clinic, patients are taught self-care by providing them with a 1:1 session with a nurse, who teaches them about daily weights, fluid /sodium restrictions, warning signs that HF is getting worse. In addition, patients are provided with patient handouts. Also, patients are given a clear and concise action plan or goals which they should focus on until their next visit. These goals are mutually agreed upon between the nurse and patient. Again, adopting the notion that care should be patient focused, which helps to improve patient outcomes.

At present, **CHARM** clinic is working at bare minimum on a charitable basis without any funding. Proceeds raised from

ਟ੍ਰੇਨ/ਬੱਸ ਸਟੇਸ਼ਨ ਦੇ ਨਜ਼ਦੀਕ ਹੈ ਅਤੇ ਫ੍ਰੀ ਪਾਰਕਿੰਗ ਵਾਲੀ ਥਾਂ 'ਤੇ ਹੈ। ਇਹ ਕਲਿਨਿਕ ਲੈਬੋਰਟਰੀ ਦੇ ਵੀ ਨੇੜੇ ਹੀ ਹੈ ਅਤੇ ਇੱਥੇ ਚੈਸਟਰਮੀਅਰ, ਸਟਰੈਥਮੋਰ ਅਤੇ ਏਅਰਡਰੀ ਦੇ ਮਰੀਜ਼ਾਂ ਲਈ ਵੀ ਸੇਵਾਵਾਂ ਮਿਲਦੀਆਂ ਹਨ। ਇਸ ਸਮੇਂ ਇਹ ਕਲਿਨਿਕ 200 ਦੇ ਕਰੀਬ ਫੈਮਿਲੀ ਡਾਕਟਰਾਂ ਲਈ ਵੀ ਸੇਵਾਵਾਂ ਦੇ ਰਿਹਾ ਹੈ ਅਤੇ ਇਸ ਦਾ ਸੇਵਾ ਖੇਤਰ ੪ ਲੱਖ ਲੋਕਾਂ ਲਈ ਫੈਲਿਆ ਹੋਇਆ ਹੈ।

ਮੌਜੂਦਾ ਸਮੇਂ, ਜਦੋਂ ਕਿਸੇ ਡਾਕਟਰ ਨੂੰ ਇਹ ਲੱਗੇ ਕਿ ਮਰੀਜ਼ ਨੂੰ ਐਚ.ਐਫ. ਹੋ ਸਕਦਾ ਹੈ, ਉਹ ਉਸ ਨੂੰ ਐਚ.ਐਫ. ਮਾਹਿਰ ਕੋਲ ਭੇਜਦਾ ਹੈ। ਉੱਧਰ, ਹਾਰਟ ਫੇਲਿਅਰ ਮਾਹਿਰ ਕੋਲ ਇੰਤਜ਼ਾਰ ਸਮਾਂ ਲੱਗਪੱਗ 6 ਮਹੀਨੇ ਦਾ ਹੈ। ਇਸ ਸਮੇਂ ਦੌਰਾਨ ਮਰੀਜ਼ ਦੀ ਹਾਲਾਤ ਖ਼ਰਾਬ ਹੋ ਸਕਦੀ ਹੈ ਅਤੇ ਉਸ ਨੂੰ ਹਸਪਤਾਲ ਵਿੱਚ ਦਾਖਲ ਹੋਣਾ ਪੈ ਸਕਦਾ ਹੈ। ਇਹ ਹੋਰ ਹਾਲਤ ਵਿੱਚ, ਅਜਿਹੇ ਵੀ ਕਈ ਐਚ.ਐਫ. ਮਰੀਜ਼ ਹਨ ਜਿਹਨਾਂ ਨੂੰ ਹਸਪਤਾਲ ਵਿੱਚ ਹਾਰਟ ਫੇਲਿਅਰ ਕਲਿਨਿਕ ਤੱਕ ਪਹੁੰਚ ਨਹੀਂ ਹੈ। ਉਹ ਫਿਰ ਆਪਣੇ ਫੇਮਿਲੀ ਡਾਕਟਰ ਤੇ ਨਿਰਭਰ ਕਰਦੇ ਹਨ ਅਤੇ ਉਹਨਾਂ ਦੇ ਕਾਰਡੀਆਲੋਜਿਸਟਾਂ ਵੱਲੋਂ ਵੇਖਿਆ ਜਾਂਦਾ ਹੈ ਅਤੇ ਇਸੇ ਦੌਰਾਨ ਹਾਲਤ ਵਿੱਚ ਹੋਰ ਗਿਰਾਵਟ ਆਉਂਦੀ ਜਾਂਦੀ ਹੈ (ਜਿਵੇਂ ਸਾਹ ਲੈਣ ਵਿੱਚ ਦਿੱਕਤਾਂ ਅਤੇ ਸਾਹ ਉੱਖੜਣਾ ਆਦਿ) ਅਤੇ ਉਹ ਫਿਰ ਐਮਰਜੰਸੀ ਵਿੱਚ ਜਾ ਬਹਿੰਦੇ ਹਨ। ਜਦੋਂ ਉਹ ਹਸਪਤਾਲ ਵਿੱਚ ਦਾਖਲ ਹੋ ਝਾਦੇ ਹਨ ਤਾਂ ਹੈਲਥ ਕੇਅਰ ਉੱਤੇ ਬੋਝ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਸੇ ਸਮੇਂ ਮਰੀਜ਼ਾਂ ਉੱਤੇ ਉਹਨਾਂ ਦੇ ਬਚਣ ਦੀਆਂ ਸੰਭਾਵਨਾਵਾਂ ਉੱਤੇ ਵੀ ਨਕਾਰਾਤਮਕ ਅਸਰ ਪੈਂਦਾ ਹੈ।

**'ਚਾਰਮ'** ਕਲਿਨਿਕ ਦਾ ਟੀਚਾ ਭਾਈਚਾਰੇ ਦੇ ਲੋਕਾਂ ਨੂੰ ਹਸਪਤਾਲ ਜਾਣ ਤੋਂ ਬਚਾਉਣਾ ਹੈ ਅਤੇ ਫੇਮਿਲੀ ਡਾਕਟਰ ਉਹਨਾਂ ਨੂੰ **'ਚਾਰਮ'** ਕਲਿਨਿਕ ਵਿੱਚ ਭੇਜ ਸਕਦਾ ਹੈ ਜਦੋਂ ਉਸ ਨੂੰ ਮਰੀਜ਼ ਦੇ ਐਚ.ਐਫ. ਹੋਣ ਦਾ ਸ਼ੱਕ ਹੋਵੇ। ਮਰੀਜ਼ ਦੀ ਜਾਂਚ ਦਿਲ ਦੇ ਮਾਹਿਰ ਡਾਕਟਰ ਵਲੋਂ ਕੀਤੀ ਜਾਵੇਗੀ। ਜਦੋਂ ਬਿਮਾਰੀ ਦਾ ਪੂਰਾ ਪਤਾ ਲੱਗ ਗਿਆ ਤਾਂ ਮਰੀਜ਼ ਨੂੰ ਦੂਜੀ ਐਪੌਇੰਟਮੈਂਟ ਇਕ ਐਚ.ਐਫ. ਨਰਸ ਨਾਲ ਦਿੱਤੀ ਜਾਂਦੀ ਹੈ ਤਾਂ ਕਿ ਉਹ ਮਰੀਜ਼ ਨੂੰ ਆਪਣਾ ਖਿਆਲ ਆਪ ਰੱਖਣ ਵਿੱਚ ਮਦਦ ਕਰ ਸਕੇ, ਮਰੀਜ਼ ਨੂੰ ਜਾਣਕਾਰੀ ਦੇ ਸਕੇ ਅਤੇ ਦਵਾਈਆਂ ਵਾਰੇ ਸਿਖਾ ਸਕੇ।



CHOOSE MAYFAIR DIAGNOSTICS

WE HAVE THE ANSWERS

We are the doctors' doctor, when your doctor needs more information they trust us.

- We're real people. We think of our patients as people not file numbers.
- We're in your community. We have twelve conveniently located medical imaging clinics.
- We use state-of-the-art technology, expertly trained technologists and sub-specialized radiologists. All services are covered by Alberta Health Care.

APPOINTMENTS: 403.777.3000
or requestappointment@radiology.ca

Find a location at radiology.ca

MEDICAL IMAGING REIMAGINED

MAYFAIR DIAGNOSTICS

donations and DIL Walk fundraising events, help to support the CHARM clinic. If you are interested to make a donation, please visit **www.dilwalk.ca**. All donations will receive a income tax receipt.

We hope that one day, the Government of Alberta/Alberta Health would be able to provide funding for nurse salaries and other clinic expenses in the community. It should be noted that the Specialists in Alberta DO NOT have access to Nurses, Dietitians, Physiotherapists, Exercise specialists etc. in their clinics as compared to primary care physicians. All family physicians in Alberta can access various resources through various primary care networks but not heart specialists. This discrepancy of care in the community needs to be urgently addressed if the Govt. of Alberta. This would not only help save healthcare dollars but would also help improve quality of life and help reduce hospitalizations due to heart failure. Please do talk to your MLAs and MPs and help us give a helping hand to heart failure patients.

ਮਰੀਜ਼ ਨੂੰ ਐਚ.ਐਫ. ਮਾਹਿਰ ਵੱਲੋਂ ਵੀ ਵੇਖਿਆ ਜਾਂਦਾ ਹੈ ਤਾਂ ਕਿ ਉਸ ਦੀਆਂ ਦਵਾਈਆਂ ਲੋੜ ਅਨੁਸਾਰ ਦਿੱਤੀਆਂ ਜਾ ਸਕਣ ਅਤੇ ਉਸ ਨੂੰ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਚਾਇਆ ਜਾ ਸਕੇ। ਜਿਹਨਾਂ ਮਰੀਜ਼ਾਂ ਨੂੰ ਐਚ.ਐਫ. ਨਹੀਂ ਹੁੰਦਾ ਜਾਂ ਜਿਹਨਾਂ ਦੇ ਦਿਲ ਦੀ ਹਾਲਤ ਵਿੱਚ ਸੁਧਾਰ ਹੁੰਦਾ ਹੈ, ਉਹਨਾਂ ਦਾ ਵੀ ਜਨਰਲ ਕਾਰਡੀਐਲੋਜੀ ਕਲਿਨਿਕ ਵਿੱਚ ਖਿਆਲ ਰੱਖਿਆ ਜਾਂਦਾ ਹੈ। ਇਸੇ ਦੌਰਾਨ ਮਰੀਜ਼ਾਂ ਨੂੰ ਕਿਸੇ ਹੋਰ ਵਿਸ਼ੇਸ਼ (ਸਪੈਸ਼ਿਲਾਈਜ਼ਡ) ਕਲਿਨਿਕਾਂ ਵਿੱਚ ਵੀ ਭੇਜਿਆ ਜਾ ਸਕਦਾ ਹੈ ਤਾਂ ਕਿ ਉਹਨਾਂ ਦੇ ਹੋਰ ਗੰਭੀਰ ਬਿਮਾਰੀਆਂ/ਖ਼ਤਰਿਆਂ ਨੂੰ ਟਾਲਿਆ ਜਾ ਸਕੇ।

**'ਚਾਰਮ'** ਕਲਿਨਿਕ 'ਤੇ ਮਰੀਜ਼ਾਂ ਨੂੰ ਆਪਣਾ ਖਿਆਲ ਆਪ ਰੱਖਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ; ਉਹਨਾਂ ਨੂੰ ਨਰਸ ਨਾਲ ਇਕੱਲਿਆਂ ਬਿਠਾਇਆ ਜਾਂਦਾ ਹੈ ਤਾਂ ਕਿ ਉਹ ਨੂੰ ਹਰ ਰੋਜ਼ ਭਾਰ ਤੋਲਣ, ਤਰਲ/ਸੋਡੀਅਮ (ਲੂਣ) ਦੀ ਮਾਤਰਾ ਵਾਰੇ ਸਿਖਾ ਸਕੇ ਅਤੇ ਐਚ.ਐਫ. ਨੂੰ ਹੋਰ ਗੰਭੀਰ ਹਾਲਤ ਵਿੱਚ ਜਾਣ ਤੋਂ ਰੋਕਣ ਲਈ ਚੇਤਾਵਨੀ ਚਿੰਨ੍ਹਾਂ (ਵਾਰਨਿੰਗ ਸਾਈਨ) ਵਾਰੇ ਦੱਸ ਸਕੇ। ਇਸ ਤੋਂ ਅਲਾਵਾ, ਮਰੀਜ਼ਾਂ ਨੂੰ ਪੈਂਫਲੈਟ ਵੀ ਦਿੱਤੇ ਜਾਂਦੇ ਹਨ। ਨਾਲ ਹੀ, ਮਰੀਜ਼ਾਂ ਨੂੰ ਸਾਫ ਅਤੇ ਸੰਖੇਪ ਐਕਸ਼ਨ ਪਲੈਨ ਜਾਂ ਟੀਚੇ ਦਿੱਤੇ ਜਾਂਦੇ ਹਨ ਤਾਂ ਕਿ ਉਹ ਆਪਣੀ ਅਗਲੀ ਫੇਰੀ (ਐਪੌਇੰਟਮੈਂਟ) ਤੱਕ ਉਹਨਾਂ ਦਾ ਪਾਲਣ ਕਰਕੇ ਆਉਣ। ਇਹ ਟੀਚੇ ਨਰਸ ਅਤੇ ਮਰੀਜ਼ ਵੱਲੋਂ ਰਲ਼-ਬੈਠ ਕੇ ਤਿਆਰ ਕੀਤੇ ਜਾਂਦੇ ਹਨ। ਇਕ ਵਾਰ ਫਿਰ, ਧਿਆਨ ਇਸੇ ਗੱਲ ਦਾ ਰੱਖਿਆ ਜਾਂਦਾ ਹੈ ਕਿ ਖੀਆਲ ਅਤੇ ਧਿਆਨ ਰੱਖਣ ਵੇਲੇ ਮਰੀਜ਼ ਹੀ ਕੇਂਦਰ ਵਿੱਚ ਰਹੇ, ਇਸ ਨਾਲ ਮਰੀਜ਼ ਨੂੰ ਵੱਧ ਲਾਭ ਪਹੁੰਚ ਸਕਦਾ ਹੈ।

ਮੌਜੂਦਾ ਸਮੇਂ, **'ਚਾਰਮ'** ਕਲਿਨਿਕ 'ਤੇ ਕੰਮ ਸਿਰਫ ਚੈਰੀਟੇਬਲ ਅਧਾਰ 'ਤੇ ਹੀ ਕੀਤਾ ਜਾ ਰਿਹਾ ਹੈ ਕਿਉਂਕਿ ਕੋਈ ਫੰਡਿੰਗ ਉਪਲਬਧ ਨਹੀਂ ਹੈ। ਦਿਲ ਵਾਕ ਫਾਉਂਡੇਸ਼ਨ ਵੱਲੋਂ ਆਯੋਜਿਤ ਹੋਣ ਵਾਲੇ ਫੰਡ-ਰੇਜ਼ਿੰਗ ਪ੍ਰੋਗਰਾਮਾਂ ਅਤੇ ਦਾਨੀਆਂ ਵੱਲੋਂ ਮਿਲਣ ਵਾਲੀ ਰਕਮ ਨਾਲ 'ਚਾਰਮ' ਨੂੰ ਮਦਦ ਮਿਲ ਰਹੀ ਹੈ। ਜੇ ਤੁਸੀਂ ਕੋਈ ਦਾਨ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ **www.dilwalk.ca**. 'ਤੇ ਜਾ ਕੇ ਦਾਨ ਕਰ ਸਕਦੇ ਹੋ। ਸਾਰਿਆਂ ਦਾਨੀ ਸੱਜਣਾਂ ਨੂੰ ਟੈਕਸ ਰਸੀਦ ਵੀ ਮਿਲੇਗੀ।

ਸਾਨੂੰ ਆਸ ਹੈ ਕਿ ਇਕ ਦਿਨ ਐਲਬਰਟਾ ਸਰਕਾਰ/ ਐਲਵਰਟਾ ਹੈਲਥ ਸਰਵਿਸਿਜ਼ ਨਰਸਾਂ ਦੀਆਂ ਤਨਖਾਹਾਂ ਅਤੇ ਕਲਿਨਿਕ ਦੇ ਹੋਰ ਖ਼ਰਚਿਆਂ ਦੀ ਅਦਾਇਗੀ ਲਈ ਫੰਡਿੰਗ ਉਪਲਬਧ ਕਰਵੇਗੀ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਐਲਬਰਟਾ ਵਿੱਚ ਮਾਹਿਰਾਂ ਕੋਲ ਨਰਸਾਂ, ਡਾਇਟਿਸ਼ਨਾਂ, ਫਿਜ਼ਿਓਥੈਰੇਪਿਸਟਾਂ ਅਤੇ ਅਕਸਰਸਾਈਜ਼ ਮਾਹਿਰਾਂ ਦੀ ਉਸੇ ਤਰ੍ਹਾਂ ਪਹੁੰਚ ਨਹੀਂ ਹੁੰਦੀ ਜਿਵੇਂ ਕਿ ਪ੍ਰਾਇਮਰੀ ਕੇਅਰ ਨੈਟਵਰਕ (ਪੀ.ਸੀ.ਐਨ.) ਸੈਂਟਰਾਂ ਵਿੱਚ ਹੁੰਦੀ ਹੈ। ਸਾਰੇ ਫੈਮਿਲੀ ਡਾਕਟਰ ਇਹਨਾਂ ਸੰਸਾਧਨਾਂ ਲਈ ਪੀ.ਸੀ.ਐਨ. ਕੇਂਦਰਾਂ ਨਾਲ ਸੰਪਰਕ ਕਰ ਸਕਦੇ ਹਨ ਪਰ ਦਿਲ ਦੇ ਮਾਹਿਰ ਡਾਕਟਰਾਂ ਨਾਲ ਨਹੀਂ। ਸਿਹਤ ਸਿਸਟਮ ਵਿੱਚ ਸੂਬਾ ਸਰਕਾਰ ਵੱਲੋਂ ਇਹੀ ਕਮੀ ਬਹੁਤ ਜਲਦੀ ਦੂਰ ਕੀਤੇ ਜਾਣ ਦੀ ਲੋੜ ਹੈ। ਇਸ ਨਾਲ ਨਾ ਕੇਵਲ ਸਿਹਤ ਸੈਕਟਰ ਵਿੱਚ ਕੀਤੇ ਜਾ ਰਹੇ ਖ਼ਰਚਿਆਂ ਵਿੱਚ ਹੀ ਬੱਚਤ ਹੋ ਸਕੇਗੀ ਸਗੋਂ ਸਮਾਜ ਵਿੱਚ ਜੀਵਨ ਦੀ ਗੁਣਵੱਤਾ ਵਿੱਚ ਵੀ ਸੁਧਾਰ ਲਿਆਂਦਾ ਜਾ ਸਕੇਗਾ ਅਤੇ ਮਰੀਜ਼ਾਂ ਨੂੰ ਹਾਰਟ ਫੇਲਿਅਰ ਵਾਸਤੇ ਹਸਪਤਾਲਾਂ ਵਿੱਚ ਬੇਲੋੜੇ ਦਾਖਲ ਹੋਣ ਦੀ ਵੀ ਲੋੜ ਨਹੀਂ ਰਹੇਗੀ। ਕਿਰਪਾ ਕਰਕੇ ਆਪਣੇ ਇਲਾਕੇ ਦੇ ਐਮ.ਐਲ.ਏ. ਅਤੇ ਐਮ.ਪੀ. ਨਾਲ ਇਸ ਮੁੱਦੇ ਉੱਤੇ ਗੱਲ ਕਰੋ ਅਤੇ ਹਾਰਟ ਫੇਲਿਅਰ ਦੇ ਮਰੀਜ਼ਾਂ ਦੀ ਮਦਦ ਵਿੱਚ ਸਾਡਾ ਸਾਥ ਦਿਉ।



Laerdal
helping save lives

• Premature Anne™ • SimMan® ALS • SimMan 3G

# CONTROLLING **FLUID INTAKE** IN **HEART FAILURE**

# ਦਿਲ ਫੇਲ੍ਹ ਹੋਣ ਦੇ ਮਾਮਲੇ ਵਿੱਚ ਤਰਲ ਪਦਾਰਥ ਦੀ ਮਾਤਰਾ ਕੰਟਰੋਲ ਕਰਨਾ

**Heart failure occurs when your heart is unable to pump blood strongly enough for your body to get oxygen and nutrients it needs. In some cases, fluid can build up in your lungs, kidneys and other parts of your body causing**

**Shortness of Breath**

**Feeling Tired**

**Swelling of Abdomen, Feet and Legs.**

If you have heart failure, a healthy lifestyle can help to improve your health.

## STEPS YOU CAN TAKE

### REDUCING SODIUM

Aim for 2000mg of sodium /day, sodium comes from salt. Too much sodium makes body hold on to extra water which makes your heart work harder to pump the extra fluid around your body.

- All types of salt are high in sodium e.g. sea salt table salt etc.
- Limit salty foods. Foods high in salt include processed meats, canned soups, cheese sauces (salad dressings, ketchup soya sauce) gravy.
- Snack foods including aloo bhujia, Boondi, Dal moth, chips, Chevdo, Ganthiya, samosas pakoras.
- Other processed foods include Papad, achar, packaged dhokla, packaged dal makhani, palak paneer, Punjabi chole, patra etc.
- Monosodium Glutamate (MSG) also known as Ajinomoto is another high sodium ingredient that is sometimes added to processed foods.
- Do not add salt at the table or in cooking.
- Read the nutrition facts table and choose low sodium foods. Your best choices:

  Have less than 360mg per serving or

  Have less than 15% DV (daily value) of sodium per serving.
- Try using tomato paste or canned tomato sauce with "no added salt"
- Add extra herbs like cilantro (dhania Patha) mint (pudina) and spice s like cumin (jeera), coriander (dhania), Garam masala Turmeric (haldi) to flavor your food

**ਦਿਲ ਫੇਲ੍ਹ ਹੋਣਾ ਉਸ ਨੂੰ ਕਹਿੰਦੇ ਹਨ ਜਦੋਂ ਤੁਹਾਡਾ ਦਿਲ ਇੰਨਾ ਹੌਲੀ ਪੰਪ ਕਰਦਾ ਹੈ ਕਿ ਤੁਹਾਡੇ ਸਰੀਰ ਵਿੱਚ ਆਕਸੀਜਨ ਅਤੇ ਹੋਰ ਜ਼ਰੂਰੀ ਪੌਸ਼ਟਿਕ ਤੱਤ ਨਹੀਂ ਪਹੁੰਚਦੇ. ਕਈ ਵਾਰੀ, ਤਰਲ ਪਦਾਰਥ ਤੁਹਾਡੇ ਫੇਫੜਿਆਂ, ਕਿਡਨੀ ਅਤੇ ਸਰੀਰ ਦੇ ਹੋਰਨਾਂ ਹਿੱਸਿਆਂ ਵਿੱਚ ਇਕੱਠਾ ਹੋ ਜਾਂਦਾ ਹੈ ਅਤੇ ਸਰੀਰ ਨੂੰ ਹੇਠ ਲਿਖੀਆਂ ਸਮੱਸਿਆਵਾਂ ਆ ਸਕਦੀਆਂ ਹਨ:**

**ਸਾਹ ਉੱਖੜਣਾ**

**ਥਕਾਨ ਮਹਿਸੂਸ**

**ਪੇਟ, ਪੈਰਾਂ ਅਤੇ ਲੱਤਾਂ ਦੀ ਸੋਜ਼ਿਸ਼**

ਜੇ ਤੁਹਾਡਾ ਦਿਲ ਫੇਲ੍ਹ ਹੋ ਰਿਹਾ ਹੈ, ਸਿਹਤਮੰਦ ਜੀਵਨਜਾਚ (ਲਾਈਫ ਸਟਾਇਲ) ਤੁਹਾਡੀ ਸਿਹਤ ਵਿੱਚ ਸੁਧਾਰ ਕਰ ਸਕਦੀ ਹੈ।

## ਜਿਹੜੇ ਕਦਮ ਤੁਸੀਂ ਚੁੱਕਣੇ ਹਨ

### ਸੋਡੀਅਮ ਦੀ ਮਾਤਰਾ ਘਟਾਉਣਾ

ਨਿਸ਼ਾਨਾ ਰੱਖੋ ਕਿ ਦਿਨ ਭਰ ਵਿੱਚ ੨000 ਮਿਲੀਗ੍ਰਾਮ ਸੋਡੀਅਮ ਹੀ ਖਾਣਾ ਹੈ, ਸੋਡੀਅਮ ਲੂਣ ਤੋਂ ਆਉਂਦਾ ਹੈ। ਬਹੁਤ ਜ਼ਿਆਦਾ ਸੋਡੀਅਮ ਸਰੀਰ ਵਿੱਚ ਪਾਣੀ ਪੈਦਾ ਕਰਦਾ ਹੈ ਜਿਸ ਨਾਲ ਦਿਲ ਨੂੰ ਸਰੀਰ ਅੰਦਰਲੇ ਤਰਲ ਨੂੰ ਪੰਪ ਕਰਨ ਲਈ ਵਧੇਰੇ ਜ਼ੋਰ ਨਾਲ ਕੰਮ ਕਰਨਾ ਪੈਂਦਾ ਹੈ ।

- ਹਰ ਤਰ੍ਹਾਂ ਦੇ ਲੂਣ ਸੋਡੀਅਮ ਨਾਲ ਭਰਪੂਰ ਹਨ ਜਿਵੇਂ ਟੇਬਲ ਸਾਲਟ, ਸੀ-ਸਾਲਟ ਜਾਂ ਸਮੁੰਦਰੀ ਲੂਣ
- ਲੂਣ ਵਾਲੇ ਭੋਜਨ ਖਾਣ ਨੂੰ ਸੀਮਿਤ ਕਰੋ। ਜਿਹਨਾਂ ਭੋਜਨਾਂ ਵਿੱਚ ਲੂਣ ਬਹੁਤ ਜ਼ਿਆਦਾ ਹੁੰਦਾ ਹੈ ਉਹਨਾਂ ਵਿੱਚ ਪ੍ਰੋਸੈਸ ਕੀਤਾ ਗਿਆ ਮੀਟ, ਡੱਬਾ ਬੰਦ ਸੂਪ, ਚੀਜ਼ ਜਾਂ ਪਨੀਰ ਵਾਲੀਆਂ ਸੌਸਿਜ਼ (ਜਿਵੇਂ ਸਲਾਦ ਡ੍ਰੈਸਿੰਗ, ਕੈਚੱਪ, ਸੋਇਆ ਸੌਸ) ਗਰੇਵੀ ਸ਼ਾਮਲ ਹਨ।
- ਸਨੈਕ ਭੋਜਨ ਜਿਵੇਂ ਆਲੂ ਭੁਜੀਆ, ਦਾਲ ਮੋਠ, ਚਿਪਸ, ਚੇਵੜੇ, ਬੂੰਦੀ, ਗੰਠੀਆ, ਸਮੋਸੇ, ਪਕੌੜੇ ਆਦਿ।
- ਹੋਰ ਪ੍ਰੋਸੈਸ ਕੀਤੇ ਭੋਜਨ ਜਿਵੇਂ ਪਾਪੜ, ਅਚਾਰ, ਪੈਕੇ ਬੰਦ ਢੋਕਲਾ, ਪੈਕੇਟ ਬੰਦ ਮਖਣੀ, ਪਾਲਕ ਪਨੀਰ, ਪੰਜਾਬੀ ਛੋਲੇ ਆਦਿ।
- ਮੋਨੋਸੋਡੀਅਮ ਗਲੂਟਾਮੇਟ (ਐਮਐਸਜੀ), ਜਿਸ ਨੂੰ ਅਜੀਨੋਮੋਟੋ ਵੀ ਕਿਹਾ ਜਾਂਦਾ ਹੈ, ਵੀ ਸੋਡੀਅਮ ਦੀ ਬਹੁਤ ਜ਼ਿਆਦਾ ਮਾਤਰਾ ਵਾਲਾ ਪਦਾਰਥ ਹੈ ਜਿਹੜਾ ਪ੍ਰੋਸੈਸ ਕੀਤੇ ਗਏ ਭੋਜਨਾਂ ਵਿੱਚ ਵਰਤਿਆ ਜਾਂਦਾ ਹੈ।
- ਖਾਣ ਵਾਲੇ ਮੇਜ਼ ਉੱਪਰ ਸਬਜ਼ੀ, ਦਾਲ ਜਾਂ ਸਲਾਦ ਉੱਪਰ ਹੋਰ ਲੂਣ ਨਾ ਪਾਉ।
- ਹਰ ਪੈਕੇਟ ਬੰਦ ਜਾਂ ਡੱਬਾ ਬੰਦ ਭੋਜਨ ਉੱਪਰ ਲਿਖੇ ਫੌਸਟਿਕ ਤੱਤਾਂ ਦਾ ਲੇਬਲ ਜ਼ਰੂਰ ਪੜ੍ਹੋ। ਤੁਹਾਵੀ ਸਰਬੋਤਮ ਚੋਣ ਹੋਣੀ ਚਾਹੀਦੀ ਹੈ:

  ਇੱਕ ਵਾਰੀ ਵਿੱਚ 360 ਮਿਲੀਗ੍ਰਾਮ ਤੋਂ ਘੱਟ ਜਾਂ

  ਇੱਕ ਵਾਰੀ ਵਿੱਚ ਸੋਡੀਅਮ ਦੀ ਮਾਤਰਾ 15% ਡੀ.ਵੀ. (ਡੇਲੀ ਵੈਲਿਊ) ਹੋਣੀ ਚਾਹੀਦੀ ਹੈ
- ਕੋਸ਼ਿਸ਼ ਕਰੋ ਕਿ ਉਹ ਟਮਾਟਰ ਪੇਸਟ ਜਾਂ ਡੱਬਾ ਬੰਦ ਟਮਾਟਰ ਸੌਸ ਵਰਤੋ ਜਿਸ ਵਿੱਚ ਵਾਧੂ ਲੂਣ ਨਾ ਪਾਇਆ ਹੋਵੇ ("ਨੋ ਐਡਿਡ ਸਾਲਟ")।
- ਕੋਸ਼ਿਸ ਕਰੋ ਕਿ ਹਰਾ ਧਨੀਆ, ਪੁਦੀਨਾ, ਜੀਰਾ, ਗਰਮ ਮਸਾਲਾ, ਹਲਦੀ ਦਿ ਵਰਤੋਂ

- Use garlic onions, limes lemons to flavor food.
- Make your own salad dressing instead of store bought dressings mixing oil, vinegar and pepper and other herbs for a salt free salad dressing.

## LIMITING FLUID

### WHY DO I HAVE TO LIMIT FLUID?

In Heart Failure, the body often retains fluid, leading to:

- Increased blood pressure (more work for the heart)
- Difficulty breathing and shortness of breath (due to fluid in your lungs)
- Swelling on ankles, hands and face
- Nausea and bloating.



Your doctor may recommend limiting your intake of fluid to help control these symptoms.

Your body is 60-70% fluid. There is a difference between fluid weight and body weight. Weight changes due to fluid occur quickly, over a period of days. Changes in body weight (muscles, bone and fat) occur more slowly, over weeks or months.

Taking daily weights is important. Establish a daily routine. Sudden gain of 2 pounds in a day or 3-5 pounds in a month can indicate volume over load.

Call your doctor or heart failure nurse if you lose or gain greater than 2kg over 2 days.

### HOW MUCH FLUID CAN I HAVE?

Allowance of 1.5-2 liters /day is recommended in stage IV heart failure.

**You may need some extra fluid in hot weather.**

**It is important to check with your doctor re the fluid allowance for the day.**

**There are no benefits to restrict fluid in heart failure patients without symptoms of fluid overload.**

### What should I count as fluid?

Fluid includes all drinks, and anything that is liquid at mouth temperature:

| |
|---|
| Water |
| Soft Drinks, Fruit Juice |
| Tea, Chai, Coffee |
| Milk, Milk Shakes, Thick Shakes |
| Ice |

ਆਪਣੇ ਭੋਜਨ ਨੂੰ ਸਵਾਦ ਬਣਾਉਣ ਲਈ ਵਰਤੋ।

- ਲਸਣ ਦੀਆਂ ਗੰਢੀਆਂ, ਪਿਆਜ਼, ਨਿੰਬੂ ਨਾਲ ਭੋਜਨ ਨੂੰ ਸਵਾਦ ਬਣਾਉ।
- ਆਪਣੀ ਸਲਾਦ ਡ੍ਰੈਸਿੰਗ ਆਪ ਬਣਾਉ ਨਾ ਕਿ ਬਾਜ਼ਾਰ ਤੋਂ ਲਿਆ ਕੇ ਵਰਤੋ। ਤੇਲ, ਸਿਰਕਾ ਅਤੇ ਕਾਲੀ ਮਿਰਚ ਰਲਾ ਕੇ ਇਸ ਵਿੱਚ ਹੋਰ ਜੜ੍ਹੀ-ਬੂਟੀਆਂ ਮਿਕਸ ਕਰਕੇ ਲੂਣ ਤੋਂ ਬਗ਼ੈਰ ਸਲਾਦ ਡ੍ਰੈਸਿੰਗ ਬਣਾਉ।

## ਤਰਲ ਪਦਾਰਥਾਂ ਨੂੰ ਸੀਮਿਤ ਕਰਨਾ

### ਮੈਨੂੰ ਤਰਲ ਪਦਾਰਥ ਸੀਮਿਤ ਕਰਨ ਦੀ ਲੋੜ ਕਿਉਂ ਹੈ?

ਦਿਲ ਫੇਲ੍ਹ ਹੋਣ ਵਿੱਚ, ਸਰੀਰ ਵਿੱਚ ਤਰਲ ਪਦਾਰਥ ਰੁਕੇ ਰਹਿੰਦੇ ਹਨ ਜਿਸ ਨਾਲ:

- ਬਲੱਡ ਪ੍ਰੈਸ਼ਰ ਵੱਧ ਸਕਦਾ ਹੈ (ਦਿਲ ਨੂੰ ਵੱਧ ਕੰਮ ਕਰਨਾ ਪੈਂਦਾ ਹੈ)
- ਸਾਹ ਲੈਣ ਵਿੱਚ ਦਿੱਕਤ ਆ ਸਕਦੀ ਹੈ, ਸਾਹ ਉੱਖੜਣ ਲੱਗਦਾ ਹੈ
- ਗਿੱਟਿਆਂ, ਹੱਥਾਂ ਅਤੇ ਚਿਹਰੇ ਉੱਪਰ ਸੋਜ਼ ਪੈ ਜਾਂਦੀ ਹੈ
- ਉਲਟੀ ਅਤੇ ਅਫ਼ਰੇਵਾਂ ਹੋ ਸਕਦਾ ਹੈ

ਤੁਹਾਡਾ ਡਾਕਟਰ ਤੁਹਾਨੂੰ ਸਿਫਾਰਿਸ਼ ਕਰ ਸਕਦਾ ਹੈ ਕਿ ਤੁਸੀਂ ਇਹਨਾਂ ਲੱਛਣਾਂ ਤੋਂ ਬਚਣ ਲਈ ਤਰਲ ਪਦਾਰਥ ਲੈਣਾ ਸੀਮਿਤ ਕਰ ਦਿਉ।

ਤੁਹਾਡਾ ਸਰੀਰ 60-70% ਤਰਲ ਹੀ ਹੈ। ਤਰਲ ਦੇ ਵਜ਼ਨ ਅਤੇ ਸਰੀਰ ਦੇ ਵਜ਼ਨ ਵਿੱਚ ਅੰਤਰ ਹੁੰਦਾ ਹੈ। ਭਾਰ ਜਾਂ ਵਜ਼ਨ, ਕੁਝ ਹੀ ਦਿਨਾਂ ਵਿੱਚ ਤਰਲ ਦੇ ਬਦਲਣ ਨਾਲ ਤੇਜ਼ੀ ਨਾਲ ਬਦਲਦਾ ਰਹਿੰਦਾ ਹੈ। ਸਰੀਰ ਦੇ ਭਾਰ (ਮਸਲ-ਹੱਡੀਆਂ-ਚਰਬੀ) ਵਿੱਚ ਤਬਦੀਲੀ ਬਹੁਤ ਹੌਲੀ ਹੁੰਦੀ ਹੈ, ਇਸ ਵਿੱਚ ਕਈ ਹਫ਼ਤੇ ਜਾਂ ਮਹੀਨੇ ਲੱਗ ਜਾਂਦੇ ਹਨ।

ਹਰ ਰੋਜ਼ ਭਾਲ ਤੋਲਣਾ ਮਹੱਤਵਪੂਰਨ ਹੈ। ਰੋਜ਼ ਦੀ ਇਕ ਰੁਟੀਨ ਬਣਾ ਲਉ। ਜੇ ਅਚਾਨਕ ਇੱਕ ਦਿਨ ਵਿੱਚ 2 ਪੌਂਡ ਦਾ ਵਾਧਾ ਹੁੰਦਾ ਹੈ ਜਾਂ ਮਹੀਨੇ ਵਿੱਚ 3-5 ਪੌਂਡ ਦਾ ਵਾਧਾ ਹੁੰਦਾ ਹੈ ਤਾਂ ਇਹ ਸੰਕੇਤ ਹੈ ਕਿ ਦਿਲ 'ਤੇ ਬੋਝ ਵਧ ਗਿਆ ਹੈ।

ਜੇ ਤੁਹਾਡਾ ਵਜ਼ਨ 2 ਦਿਨਾਂ ਵਿੱਚ 2 ਕਿਲੋਗ੍ਰਾਮ ਵਧ ਗਿਆ ਹੈ ਤਾਂ ਆਪਣੇ ਡਾਕਟਰ ਜਾਂ ਹਾਰਟ ਫੇਲ੍ਹ ਵਿਭਾਗ ਵਾਲੀ ਨਰਸ ਨੂੰ ਦੱਸੋ।

### ਮੈਂ ਕਿੰਨਾ ਤਰਲ ਪਦਾਰਥ ਲੈ ਸਕਦਾ ਹਾਂ?

ਚੌਥੀ ਸਟੇਜ ਦੇ ਹਾਰਟ ਫੇਲ੍ਹ ਮਾਮਲੇ ਵਿੱਚ ਡੇਢ ਤੋਂ 2 ਲਿਟਰ ਤਰਲ ਹਰ ਰੋਜ਼ ਲੈਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

**ਗਰਮੀਆਂ ਵਿੱਚ ਤੁਹਾਨੂੰ ਵੱਧ ਤਰਲ ਦੀ ਲੋੜ ਹੋ ਸਕਦੀ ਹੈ।**

**ਇਹ ਜ਼ਰੂਰੀ ਹੈ ਕਿ ਤੁਸੀਂ ਹਰ ਰੋਜ਼ ਲਏ ਜਾਣ ਵਾਲੇ ਤਰਲ ਪਦਾਰਥ ਵਾਰੇ ਆਪਣੇ ਡਾਕਟਰ ਨਾਲ ਗੱਲ ਕਰੋ**

**ਜਿਹਨਾਂ ਮਰੀਜ਼ਾਂ ਦੇ ਦਿਲ 'ਤੇ ਬੋਝ ਨਹੀਂ ਵਧਿਆ ਹੈ ਉਹਨਾਂ ਨੂੰ ਤਰਲ ਪਦਾਰਥ ਲੈਣ ਤੋਂ ਰੋਕਣ ਦਾ ਕੋਈ ਲਾਭ ਨਹੀਂ ਹੈ ।**

### ਤਰਲ ਪਦਾਰਥ ਵਿੱਚ ਮੈਂ ਕੀ ਲੈ ਸਕਦਾ ਹਾਂ?

ਹਰ ਤਰ੍ਹਾਂ ਦੇ ਪੀਣ ਵਾਲੇ ਪਦਾਰਥ ਜਿਹਨਾਂ ਦਾ ਤਾਪਮਾਨ ਮੂੰਹ ਦੇ ਤਾਪਮਾਨ ਦੇ ਬਰਾਬਰ ਹੁੰਦਾ ਹੈ:

| |
|---|
| ਪਾਣੀ |
| ਸੌਫ਼ਟ ਡ੍ਰਿੰਕਸ, ਫ਼ਰੂਟ ਜੂਸ |
| ਚਾਹ, ਕੌਫੀ |
| ਦੁੱਧ, ਮਿਲਕ ਸ਼ੇਕ, ਗਾੜ੍ਹੇ ਸ਼ੇਕ |
| ਬਰਫ਼ |

| | |
|---|---|
| Cream, Ice-Cream, Custard, Yoghurt | |
| Jelly | |
| Soup, Dal, Gravy, Sauces | |
| Alcohol | |

**Please talk to your doctor about whether you need to avoid alcohol.**

**Heavy consumption of alcohol can cause alcoholic cardiomyopathy. Patients with heart failure caused by alcoholic cardiomyopathy must abstain from alcohol**

Food that is liquid at room temperature or that contains large amounts of fluid and is consumed in large quantities e.g., porridge, pasta, rice or fruit dal, should be counted as part of your allowance.

- Use jugs and measuring cups to accurately measure your fluid intake.
- Fill up a jug of water with your daily fluid allowance each morning and use this to keep track of how much fluid you are drinking throughout the day.
- If drinking other fluids e.g. tea, coffee, milk or having foods that contain fluids e.g. rice, pasta, gravy, jelly etc. pour the amount of fluid out of your jug to account for these other fluids and/or foods.
- Spread your fluid allowance over the day - don't drink it all at once!
- Drink from small cups rather than large cups.
- Remember to include ice in your fluid count.
- Sucking slowly on frozen fluids or pieces of fruit from your allowance takes longer to consume and is more thirst quenching.
- Brush your teeth or try mints, peppermints or chewing gum to freshen your mouth.






| | |
|---|---|
| ਕ੍ਰੀਮ, ਆਈਸ ਕ੍ਰੀਮ, ਕਸਟਰਡ, ਦਹੀਂ, ਯੌਗਰਟ | |
| ਜੈਲੀ | |
| ਸੂਪ, ਦਾਲ, ਗ੍ਰੇਵੀ, ਸੌਸ | |
| ਸ਼ਰਾਬ | |

**ਕਿਰਪਾ ਕਰਕੇ ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਹਾਨੂੰ ਸ਼ਰਾਬ ਦੀ ਲੋੜ ਹੈ?**

**ਸ਼ਰਾਬ ਦੀ ਵੱਧ ਮਾਤਰਾ ਲੈਣ ਨਾਲ ਦਿਲ ਦਾ ਪੰਪ ਕਰਨਾ ਘਟ ਸਕਦਾ ਹੈ ਅਤੇ ਦਿਲ ਫੇਲ੍ਹ ਹੋ ਸਕਦਾ ਹੈ। ਜਿਹਨਾਂ ਨੂੰ ਇਹ ਸਮੱਸਿਆ ਹੈ ਉਹਨਾਂ ਨੂੰ ਹਰ ਹਾਲਤ ਵਿੱਚ ਸ਼ਰਾਬਨੋਸ਼ੀ ਤੋਂ ਬਚਣਾ ਚਾਹੀਦਾ ਹੈ।**

ਜਿਹੜੇ ਭੋਜਨ ਕਮਰੇ ਦੇ ਤਾਪਮਾਨ 'ਤੇ ਤਰਲ ਪਦਾਰਥ ਹਨ ਜਾਂ ਜਿਹਨਾਂ ਵਿੱਚ ਤਰਲ ਬਹੁਤ ਹੈ ਅਤੇ ਉਸ ਨੂੰ ਵੱਧ ਮਾਤਰਾ ਵਿੱਚ ਲਿਆ ਜਾਂਦਾ ਹੈ ਜਿਵੇਂ ਦਲੀਆ, ਪਾਸਤਾ, ਚੌਲ਼, ਫਰੂਟ ਦਾਲ ਆਦਿ ਖਾਧੇ ਜਾ ਸਕਦੇ ਹਨ।

- ਤੁਸੀਂ ਕਿੰਨਾ ਤਰਲ ਹਰ ਰੋਜ਼ ਲੈਂਦੇ ਹੋ ਇਸ ਨੂੰ ਮਿਣਨ ਲਈ ਕਿਸੇ ਜੱਗ ਜਾਂ ਕੱਪ ਦੀ ਵਰਤੋਂ ਕਰੋ
- ਹਰ ਰੋਜ਼ ਆਪਣੇ ਮਿਣਨ ਵਾਲੇ ਜੱਗ ਨੂੰ ਭਰ ਕੇ ਇਹ ਵੇਖੋ ਕਿ ਤੁਸੀਂ ਰੋਜ਼ ਕਿੰਨਾ ਤਰਲ ਪਦਾਰਥ ਲੈ ਰਹੇ ਹੋ
- ਜੇ ਤੁਸੀਂ ਤਰਲ ਪਦਾਰਥ ਜਿਵੇਂ ਚਾਹ, ਕੌਫੀ, ਦੁੱਧ ਜਾਂ ਹੋਰ ਤਰਲ ਲੈਂਦੇ ਹੋ ਜਿਹਨਾਂ ਵਿੱਚ ਤਰਲ ਹੁੰਦਾ ਹੈ ਜਿਵੇਂ ਪਾਸਤਾ, ਚੌਲ਼, ਗ੍ਰੇਵੀ, ਜੈਲੀ ਆਦਿ ਤਾਂ ਉਸ ਵਿੱਚ ਵਰਤੇ ਗਏ ਤਰਲ ਦੀ ਮਾਤਰਾ ਨੂੰ ਵੀ ਮਿਣੋ।
- ਆਪਣੇ ਤਰਲ ਪਦਾਰਥ ਦੀ ਵੰਡ ਸਾਰੇ ਦਿਨ ਵਿੱਚ ਕਰੋ, ਸਾਰਾ ਤਰਲ ਇੱਕੋ ਵੇਲੇ ਨਾ ਲਉ!
- ਵੱਡੇ ਕੱਪਾਂ ਦੀ ਥਾਂ ਛੋਟੇ ਕੱਪਾਂ ਵਿੱਚ ਪੀਉ।
- ਆਪਣੇ ਤਰਲ ਵਿੱਚ ਬਰਫ਼ ਜ਼ਰੂਰ ਪਾਉ।
- ਜੰਮੇ ਹੋਏ ਤਰਲਾਂ ਨੂੰ ਹੌਲੀ ਹੌਲੀ ਚੂਸਣਾ ਚੰਗਾ ਹੈ ਕਿਉਂਕਿ ਇਸ ਨਾਲ ਖ਼ਤਮ ਹੋਣ ਵਿੱਚ ਜ਼ਿਆਦਾ ਦੇਰ ਲੱਗਦੀ ਹੈ ਅਤੇ ਪਿਆਸ ਵੱਧ ਬੁਝਦੀ ਹੈ।
- ਦੰਦਾ 'ਤੇ ਬੁਰਸ਼ ਜ਼ਰੂਰ ਕਰੋ ਜਾਂ ਆਪਣੇ ਮੂੰਹ ਦੀ ਤਾਜ਼ਗੀ ਬਣਾ ਕੇ ਰੱਖਣ ਲਈ ਮਿੰਟ ਜਾਂ ਪੈਪਰਮਿੰਟ ਲਉ ਜਾਂ ਚਿਉਇੰਗ-ਗ਼ਮ ਚਬਾਉ।



# NURSES DIARY

The two main challenges I have encountered as a Heart failure Nurse is Language barrier which may lead to miscommunication and compromise the patient-nurse relationship and non-adherance with medication which breaks the continuity of care and increases the risk for hospitalization.

## LANGUAGE BARRIER.

Most of the patients I see here in our CHARM clinic belongs to the South Asian population. Prior to seeing me for new consults, non-English speaking patients are advised to bring a family member who can translate, but despite of these instructions, some of them still don't bring someone with them, and it makes it hard for me to assess and educate them. There are times when, I have called my co-worker to help translate, and when the patient got home, I received a call from a family member asking me details about the visit, which I think is time-consuming as I have to repeat everything to them again.




I think, family members should be educated on how serious Heart Failure is, if not managed properly. So when I talk to family members over the phone or at the clinic, I always tell them to be with the patient during clinic visits, so that they can be educated as well on how to prevent having heart problems- (limiting salt and oil usage, healthy food choices, exercise etc.) and also to help assist their loved ones who is suffering from heart failure.

## NON-ADHERANCE WITH MEDICATION.

Nonadherence with medication regimens may result in increased use of medical resources, such as physician visits, laboratory tests, unnecessary additional treatments, emergency department visits, and hospital or nursing home admissions. Nonadherence may also result in treatment failure.

Most of the patients think that if they are asymptomatic, meaning not having any symptoms of heart failure such as shortness of breath, swelling in feet and legs, lack of energy, difficulty lying flat

ਦਿਲ ਫੇਲ੍ਹ ਹੋਣ ਵਾਲੇ ਵਿਭਾਗ ਦੀ ਨਰਸ ਹੋਣ ਦੇ ਨਾਤੇ ਜਿਹੜੀਆਂ 2 ਮੁੱਖ ਚੁਣੌਤੀਆਂ ਮੇਰੇ ਸਾਹਮਣੇ ਆਈਆਂ ਉਹਨਾਂ ਵਿੱਚੋਂ ਇੱਕ ਹੈ ਭਾਸ਼ਾ ਦੀ ਸਮੱਸਿਆ ਜਿਸ ਕਾਰਨ ਸਮਝ ਨਾ ਆ ਸਕਣ ਵਾਲੀ ਗੱਲਬਾਤ ਦੇ ਚੱਲਦਿਆਂ ਨਰਸ ਅਤੇ ਮਰੀਜ਼ ਦੇ ਸੰਬੰਧਾਂ ਵਿੱਚ ਕੌੜ ਪੈਦਾ ਹੋ ਸਕਦੀ ਹੈ ਅਤੇ ਦੂਜੀ ਹੈ ਦਵਾਈਆਂ ਸਹੀ ਮਿਕਦਾਰ ਅਤੇ ਸਮੇਂ 'ਤੇ ਨਾ ਖਾਣੀਆਂ, ਇਸ ਕਾਰਨ ਮਰੀਜ਼ ਨੂੰ ਹਸਪਤਾਲ ਜਾਣ ਦਾ ਖ਼ਤਰਾ ਵਧ ਜਾਂਦਾ ਹੈ।

## ਭਾਸ਼ਾ ਦੀ ਸਮਸਿਆ:

ਆਪਣੇ CHARM ਕਲਿਨਿਕ 'ਤੇ ਜਿਹਨਾਂ ਮਰੀਜ਼ਾਂ ਨਾਲ ਮੇਰਾ ਵਾਹ ਪੈਂਦਾ ਹੈ ਉਹਨਾਂ ਵਿੱਚੋਂ ਵਧੇਰੇ ਸਾਊਥ ਏਸ਼ੀਅਨ ਭਾਈਚਾਰਿਆਂ ਨਾਲ ਸੰਬੰਧਿਤ ਹੁੰਦੇ ਹਨ। ਨਵੀਂ ਸਲਾਹ ਲਈ ਮੇਰੇ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਅੰਗਰੇਜ਼ੀ ਨਾ ਜਾਣਨ ਵਾਲੇ ਮਰੀਜ਼ਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਪਰਿਵਾਰ ਦਾ ਕੋਈ ਮੈਂਬਰ ਲੈ ਕੇ ਆਉਣ ਜਿਸ ਨੂੰ ਅੰਗਰੇਜ਼ੀ ਆਉਂਦੀ ਹੋਵੇ ਅਤੁ ਜਿਹੜਾ ਅਨੁਵਾਦ ਜਾਂ ਤਰਜਮਾ ਕਰਕੇ ਗੱਲ ਸਮਝਾ ਸਕਦਾ ਹੋਵੇ ਪਰ ਇਹ ਹਿਦਾਇਤਾਂ ਦੇਣ ਦੇ ਬਾਵਜੂਦ ਉਹਨਾਂ ਵਿੱਚੋਂ ਕਈ ਆਪਣੇ ਨਾਲ ਕਿਸੇ ਨੂੰ ਲੈ ਕੇ ਨਹੀਂ ਆਉਂਦੇ ਜਿਸ ਨਾਲ ਉਹਨਾਂ ਦੀ ਬਿਮਾਰੀ ਨੂੰ ਜਾਣਨਾ ਅਤੇ ਉਹਨਾਂ ਨੂੰ ਸਮਝਾ ਸਕਣਾ ਮੁਸ਼ਕਿਲ ਹੋ ਜਾਂਦਾ ਹੈ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਮੈਨੂੰ ਆਪਣੇ ਸਹਾਇਕ ਨੂੰ ਬੁਲਾਉਣਾ ਪੈਂਦਾ ਹੈ ਜਿਹੜਾ ਮੇਰੇ ਲਈ ਤਰਜਮਾ ਕਰਦਾ ਹੈ ਅਤੇ ਜਦੋਂ ਮਰੀਜ਼ ਘਰ ਪਹੁੰਚਦਾ ਹੈ ਤਾਂ ਸਾਨੂੰ ਘਰਦਿਆਂ ਵੱਲੋਂ ਕਾਲ ਆਉਂਦੀ ਹੈ ਕਿ ਉਹੀ ਗੱਲਾਂ ਫਿਰ ਦੱਸੋ; ਮੈਨੂੰ ਇਹ ਲੱਗਦਾ ਹੈ ਕਿ ਇਸ ਨਾਲ ਸਮਾਂ ਫਿਜ਼ੂਲ ਜਾਂਦਾ ਹੈ ਅਤੇ ਮੈਨੂੰ ਸਾਰੀਆਂ ਗੱਲਾਂ ਦੁਹਰਾਉਣੀਆਂ ਪੈਂਦੀਆਂ ਹਨ।

ਮੇਰੀ ਸਮਝ ਮੁਤਾਬਕ, ਪਰਿਵਾਰ ਦੇ ਜੀਆਂ ਨੂੰ ਸਿਖਿਅਤ ਕਰਨ ਦੀ ਲੋੜ ਹੈ ਕਿ ਜੇ ਠੀਕ ਢੰਗ ਨਾਲ ਨਾ ਨਜਿੱਠਿਆ ਜਾਵੇ ਤਾਂ ਦਿਲ ਫੇਲ੍ਹ ਹੋਣਾ ਬਹੁਤ ਗੰਭੀਰ ਗੱਲ ਹੈ। ਇਸ ਲਈ ਜਦੋਂ ਪਰਿਵਾਰ ਵਾਲਿਆਂ ਨਾਲ ਟੈਲੀਫੋਨ 'ਤੇ ਗੱਲ ਹੁੰਦੀ ਹੈ ਤਾਂ ਉਹਨਾਂ ਨੂੰ ਸਦਾ ਦੱਸਿਆ ਜਾਂਦਾ ਹੈ ਕਿ ਜਦੋਂ ਮਰੀਜ਼ ਚੈੱਕ ਅੱਪ ਲਈ ਹਸਪਤਾਲ ਜਾਂ ਕਲਿਨਿਕ ਜਾਂਦੇ ਹਨ ਤਾਂ ਮਰੀਜ਼ ਦੇ ਨਾਲ ਜ਼ਰੂਰ ਆਉ ਇਸ ਤਰ੍ਹਾਂ ਉਹ ਵੀ ਸਮਝ ਸਕਦੇ ਹਨ ਕਿ ਦਿਲ ਦੀ ਸਮੱਸਿਆ ਨੂੰ ਕਿਵੇਂ ਟਾਲਿਆ ਜਾ ਸਕਦਾ ਹੈ – (ਲੂਣ ਅਤੇ ਤੇਲ ਦੀ ਵਰਤੋਂ ਘੱਟ ਕਰਕੇ, ਚੰਗੇ ਭੋਜਨ ਦੀ ਚੋਣ ਕਰਕੇ, ਕਸਰਤ ਕਰਕੇ ਆਦਿ) ਅਤੇ ਇਹ ਵੀ ਕਿ ਕਿਸੇ ਪਿਆਰੇ ਨੂੰ ਜੇ ਦਿਲ ਫੇਲ੍ਹ ਹੋਣ ਦੀ ਸਮੱਸਿਆ ਆ ਜਾਵੇ ਤਾਂ ਕਿਵੇਂ ਉਹਨਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ।

## ਦਵਾਈਆਂ ਸਹੀ ਮਿਕਦਾਰ ਅਤੇ ਸਮੇਂ 'ਤੇ ਨਾ ਖਾਣੀਆਂ:

ਜੇ ਦਵਾਈਆਂ ਸਹੀ ਮਿਕਦਾਰ ਅਤੇ ਸਮੇਂ ਸਿਰ ਨਾ ਖਾਧੀਆਂ ਜਾਣ ਤਾਂ ਇਸ ਦਾ ਨਤੀਜਾ ਹੁੰਦਾ ਹੈ ਕਿ ਇਹਨਾਂ ਨੂੰ ਲੰਬੇ ਸਮੇਂ ਤੱਕ ਖਾਣਾ ਪੈ ਸਕਦਾ ਹੈ ਅਤੇ ਡਾਕਟਰਾਂ ਦੇ ਗੇੜੇ ਵੱਧ ਸਕਦੇ ਨੇ, ਲੈਬੋਰਟਰੀ ਟੈਸਟ ਵੱਧ ਸਕਦੇ ਹਨ, ਫਿਜ਼ੂਲ ਵਾਧੂ ਇਲਾਜ ਕਰਵਾਉਣੇ ਪੈ ਸਕਦੇ ਹਨ, ਐਮਰਜੰਸੀ ਵਾਰਡ ਦੇ ਗੇੜੇ ਲਾਉਣੇ ਪੈ ਸਕਦੇ ਹਨ ਤੇ ਹਸਪਤਾਲਾਂ ਤੇ ਕਲਿਨਿਕਾਂ ਵਿੱਚ ਦਾਖਲ ਹੋਣਾ ਪੈ ਸਕਦਾ ਹੈ। ਜੇ ਸਮੇਂ ਸਿਰ ਅਤੇ ਸਹੀ ਮਾਤਰਾ ਵਿੱਚ ਦਵਾਈਆਂ ਨਾ ਖਾਧੀਆਂ ਜਾਣ ਤਾਂ ਇਲਾਜ ਅਸਫ਼ਲ ਵੀ ਹੋ ਸਕਦਾ ਹੈ।

ਮੇਰੀ ਸਮਝ ਅਨੁਸਾਰ ਬਹੁਤੇ ਮਰੀਜ਼ ਇਹ ਸੋਚਦੇ ਹਨ ਕਿ ਉਹਨਾਂ ਨੂੰ ਬਿਮਾਰੀ ਦੇ ਕੋਈ ਲੱਛਣ ਨਹੀਂ ਹਨ ਤਾਂ ਇਸ ਦਾ ਮਤਲਬ ਹੈ ਕਿ ਉਹਨਾਂ ਨੂੰ ਕੋਈ ਬਿਮਾਰੀ ਨਹੀਂ ਹੈ ਜਿਵੇਂ ਉਹਨਾਂ ਨੂੰ ਸਾਹ ਨਹੀਂ ਚੜ੍ਹਦਾ ਹੈ, ਸਾਹ ਨਹੀਂ ਉੱਖੜਦਾ ਹੈ, ਸੋਜਿਸ਼ ਨਹੀਂ ਹੈ, ਤਾਕਤ ਦੀ ਕਮੀ ਨਹੀਂ ਲੱਗਦੀ ਹੈ,



# ਨਰਸਿਸ ਡਾਇਰੀ

and sudden weight gain means that they can stop taking their medications. No matter how repetitive I am, I always educate them that these cardiac medications are prescribed not only when they are having symptoms, but it also prevents them from having worse symptoms which may lead to hospitalization.

Hospitalization can be prevented only if Heart Failure is being managed properly and that includes calling our clinic once they get early symptoms and not to wait for it to get worse, coming to scheduled appointments with me every 2 months, follow-up with Cardiologist in 3-6 months and follow our healthcare team's recommendations.

Hundreds of thousands of Canadians are living with heart failure. It's a complicated, fatal and misunderstood condition. Almost everyone with heart disease will eventually experience heart failure. It leaves patients and their families exhausted and overwhelmed, and puts serious strain on our healthcare system. As for my opinion, being a nurse working in a community Heart Function Clinic which is run on a charitable basis, the government can play a big part in helping us promote awareness on heart disease thru funding- we can arrange seminars, exercises, consultations, etc.



ਸਿੱਧੇ ਲੇਟਣ ਵਿੱਚ ਕੋਈ ਦਿੱਕਤ ਨਹੀਂ ਹੈ, ਅਚਾਨਕ ਭਾਰ ਵਧਣ ਦਾ ਮਤਲਬ ਹੈ ਕਿ ਉਹ ਦਵਾਈਆਂ ਘੱਟ ਜਾ ਬੰਦ ਕਰ ਸਕਦੇ ਹਨ। ਇਸ ਦਾ ਕੋਈ ਫ਼ਰਕ ਨਹੀਂ ਕਿ ਮੈਂ ਕਿੰਨੀ ਵਾਰ ਗੱਲ ਦੁਹਰਾਈ ਹੈ, ਮੈਂ ਹਮੇਸ਼ਾ ਉਹਨਾਂ ਨੂੰ ਕਿਹਾ ਹੈ ਕਿ ਕਾਰਡੀਐਕ ਮੈਡੀਕੇਸ਼ਨ (ਦਿਲ ਦੇ ਰੋਗ ਦੀਆਂ ਦਵਾਈਆਂ) ਉਸ ਸਮੇਂ ਹੀ ਨਹੀਂ ਲਿਖੀਆਂ ਜਾਂਦੀਆਂ ਜਦੋਂ ਉਹਨਾਂ ਦੇ ਲੱਛਣ ਮੌਜੂਦ ਹੋਣ ਸਗੋਂ ਇਸ ਨਾਲ ਸਥਿਤੀ ਹੋਰ ਗੁੰਝਲਦਾਰ ਨਹੀਂ ਹੁੰਦੀ ਅਤੇ ਅਜਿਹੇ ਲੱਛਣ ਪੈਦਾ ਨਹੀਂ ਹੁੰਦੇ ਜਿਸ ਨਾਲ ਕਿ ਤੁਹਾਨੂੰ ਹਸਪਤਾਲ ਦਾਖਲ ਹੋਣਾ ਪੈ ਜਾਵੇ।

ਹਸਪਤਾਲ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕਦਾ ਹੈ ਜੇ ਸਿਰਫ ਦਿਲ ਫੇਲ੍ਹ ਹੋਣ ਦੀ ਘਟਨਾ ਨੂੰ ਠੀਕ ਢੰਗ ਨਾਲ ਨਜਿੱਠ ਲਿਆ ਜਾਵੇ ਅਤੇ ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਸਾਡੇ ਕਿਲਿਨਿਕ ਨਾਲ ਸੰਪਰਕ ਕਰੋ। ਜਿੰਨੀ ਛੇਤੀ ਤੁਹਾਨੂੰ ਪਤਾ ਲੱਗ ਜਾਵੇ ਕਿ ਦਿਲ ਦਾ ਰੋਗ ਹੈ, ਉਤਨਾ ਹੀ ਚੰਗਾ ਹੈ। ਬਿਮਾਰੀ ਵਧਣ ਦੀ ਉਡੀਕ ਨਾ ਕਰੋ। ਆਪਣੀਆਂ ਮਿੱਥੀਆਂ ਤਾਰੀਖਾਂ /ਤੇ ਸਮੇਂ ਸਿਰ ਪਹੁੰਚਣਾ ਚਾਹੀਦਾ ਹੈ ਅਤੇ ਮੈਨੂੰ ਹਰ 2 ਮਹੀਨੇ ਬਾਦ ਮਿਲਣਾ ਚਾਹੀਦਾ ਹੈ, ਫਾਲੋ ਅਪ ਕਰੋ ਅਤੇ ਕਾਰਦਿਓਲੋਜਿਸਟ ਨਾਲ 3-6 ਮਹੀਨਿਆਂ ਵਿੱਚ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਦੀਆਂ ਸਿਫਾਰਿਸ਼ਾਂ 'ਤੇ ਜ਼ਰੂਰ ਮਿਲੋ।

ਲੱਖਾਂ ਹੀ ਕੈਨੇਡੀਅਨ ਲੋਕ ਦਿਲ ਫੇਲ੍ਹ ਹੋਣ ਦੀ ਬਿਮਾਰੀ ਨਾਲ ਜੀ ਰਹੇ ਹਨ। ਇਹ ਬਹੁਤ ਉਲਝਣ-ਦਾਰ, ਗੁੰਝਲਦਾਰ, ਮਾਰੂ ਅਤੇ ਭੁਲੇਖਾ ਪਾਊ ਬਿਮਾਰੀ ਹੈ। ਇਸ ਦੀ ਸਮਝ ਜਲਦੀ ਨਹੀਂ ਆਉਂਦੀ। ਜਿਸ ਨੂੰ ਵੀ ਦਿਲ ਦੀ ਬਿਮਾਰੀ ਹੈ, ਲਗਪਗ ਹਰ ਉਸ ਵਿਅਕਤੀ ਨੂੰ ਦਿਲ ਫੇਲ੍ਹ ਹੋਣ ਦੀ ਬਿਮਾਰੀ ਹੋ ਜਾਂਦੀ ਹੈ। ਇਸ ਨਾਲ ਮਰੀਜ਼ ਅਤੇ ਉਸ ਦੇ ਘਰ ਵਾਲੇ ਥੱਕ ਜਾਂਦੇ ਹਨ ਅਤੇ ਹਰ ਸਮੇਂ ਉਹਨਾਂ ਨੂੰ ਇਸ ਬਿਮਾਰੀ ਦਾ ਡਰ ਹੀ ਲੱਗਿਆ ਰਹਿੰਦਾ ਹੈ, ਇਸ ਨਾਲ ਹੈਲਥ ਕੇਅਰ ਸਿਸਟਮ ਉੱਤੇ ਵੀ ਗੰਭੀਰ ਦਬਾਅ ਪਿਆ ਰਹਿੰਦਾ ਹੈ। ਚੈਰੀਟੇਬਲ ਅਧਾਰ 'ਤੇ ਚੱਲਣ ਵਾਲੇ ਹਾਰਟ ਫੰਕਸ਼ਨ ਕਲਿਨਿਕ ਦੀ ਨਰਸ ਹੋਣ ਦੇ ਨਾਤੇ ਜਿੱਥੋਂ ਤੱਕ ਮੇਰੀ ਸਲਾਹ ਦਾ ਸੰਬੰਧ ਹੈ, ਮੇਰਾ ਕਹਿਣਾ ਹੈ ਕਿ ਸਰਕਾਰ ਇੱਕ ਵੱਡੀ ਭੂਮਿਕਾ ਨਿਭਾ ਸਕਦੀ ਹੈ ਜੇ ਉਹ ਦਿਲ ਦੀ ਬਿਮਾਰੀ ਸੰਬੰਧੀ ਫੰਡਿੰਗ ਜਾਰੀ ਕਰਕੇ ਇਸ ਦਾ ਪ੍ਰਚਾਰ ਚੋਖਾ ਕਰਨ ਵਿੱਚ ਸਾਡੀ ਮਦਦ ਕਰ ਸਕੇ ਅਤੇ ਅਸੀਂ ਵਧੇਰੇ ਸੈਮੀਨਾਰ, ਕਸਰਤੀ ਪ੍ਰੋਗਰਾਮ ਅਤੇ ਕੰਸਲਟੇਸ਼ਨ ਸੈਸ਼ਨ ਆਦਿ ਵਧਾ ਸਕੀਏ।















# GURU NANAK DEV JI DIL RESEARCH CHAIR

We continue to analyze data from a 5-year study (White, South Asian, Chinese) who have had heart pain (angina) or heart attack. We want to determine what, if any, differences exist between ethnic groups or men and women, in the symptoms they experience, or how they receive pre-hospital and hospital care. Nearly 2500 people were enrolled in this study from 12 hospitals in Canada as well as a hospital in India (Kolkata) and China (Changchun). We have used some interesting technology to create 'heat maps' to show where symptoms are located—which will be very helpful when offering health messages to the community. We believe the findings will be the most comprehensive to date. The first manuscript will be sent out to a medical journal very shortly!

To prepare for the many potential public health messages that will emanate from this important work, we are conducting an extensive review of the medical literature and conducting focus groups with people from the South Asian and Chinese communities to understand how best to offer health (and heart health, in particular) information.

We have just started a study to examine how time orientation may differ between ethnic groups. This information will also inform how public health messages are tailored to the South Asian ethnic group. We are planning a major participant recruitment event this fall at the Dashmesh Culture Centre! Stay tuned for more information!

We are conducting a series of small studies to inform development and testing of a family-focused program to help South Asian people reduce their heart disease risk. We will soon begin investigating how particular counseling styles may help or hinder people in the South Asian community to address their heart disease risk.

We continue to publish study findings in medical and nursing journals, and work toward taking study results to the community. I am looking forward to meeting people at the 2016 DIL Walk Gala!

## THANK YOU SO MUCH FOR YOUR ONGOING SUPPORT!



# ਗੁਰੂ ਨਾਨਕ ਦੇਵ ਜੀ ਦਿਲ ਰਿਸਰਚ ਚੇਅਰ

ਦਿਲ ਦੇ ਦਰਦ (ਐਨਜਾਈਨਾ) ਨਾਲ ਪੀੜਿਤ ਜਾਂ ਦਿਲ ਦਾ ਦੌਰਾ ਸਹਿ ਚੁੱਕੇ ਲੋਕਾਂ (ਗੋਰਿਆਂ, ਸਾਊਥ ਏਸ਼ੀਆਈ ਅਤੇ ਚੀਨੀ ਲੋਕ) ਦੇ ਲਗਾਤਾਰ ਪਿਛਲੇ 5 ਸਾਲ ਦੇ ਅਧਿਐਨ ਦੀ ਰਿਪੋਰਟ ਤੋਂ ਹਾਸਲ ਅੰਕੜਿਆਂ ਦਾ ਅਧਿਐਨ ਅਸੀਂ ਕਰਦੇ ਆ ਰਹੇ ਹਾਂ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਹਨਾਂ ਗਰੁਪਾਂ ਦੇ ਮਰਦਾਂ ਅਤੇ ਔਰਤਾਂ ਜਾਂ ਵੱਖੋ ਵੱਖ ਨਸਲੀ ਸਮੂਹਾਂ ਵਿਚਕਾਰ ਦਰਦ ਨੂੰ ਮਹਿਸੂਸ ਕਰਨ ਵਿੱਚ, ਉਹਨਾਂ ਨੂੰ ਹੋਣ ਵਾਲੀ ਬਿਮਾਰੀ ਲੱਛਣਾਂ ਅਤੇ ਹਸਪਤਾਲਾਂ ਵਿੱਚ ਅਤੇ ਉਸ ਤੋਂ ਵੀ ਪਹਿਲਾਂ ਉਹਨਾਂ ਨੂੰ ਮਿਲਣ ਵਾਲੇ ਇਲਾਜ ਪ੍ਰਬੰਧਾਂ ਵਿੱਚ ਜੇ ਕੋਈ ਅੰਤਰ ਹੈ ਤਾਂ ਉਸ ਦਾ ਪਤਾ ਲੱਗ ਸਕੇ। ਇਸ ਅਧਿਐਨ ਵਿੱਚ 2500 ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਸੀ ਜਿਹੜੇ ਕੈਨੇਡਾ ਭਰ ਦੇ 12 ਹਸਪਤਾਲਾਂ ਅਤੇ ਭਾਰਤ ਵਿਚਲੇ ਕੋਲਕਾਤਾ ਅਤੇ ਚੀਨ ਦੇ ਚੈਂਗਚਨ ਦੇ ਹਸਪਤਾਲਾਂ ਤੋਂ ਸਨ। ਇਸ ਇਕ ਦਿਲਚਸਪ ਤਕਨੀਕ ਦੀ ਮਦਦ ਨਾਲ 'ਹੀਟ ਮੈਪ' ਤਿਆਰ ਕੀਤੇ ਜਿਹੜੇ ਇਹ ਦੱਸਦੇ ਸਨ ਕਿ ਲੱਛਣ ਕਿੱਥੇ-ਕਿੱਥੇ ਹਨ। ਇਸ ਨਾਲ ਇਹ ਮਦਦਗ਼ਾਰ ਸਾਬਤ ਹੋਣੇ ਸਨ ਕਿ ਇਹਨਾਂ ਦੇ ਆਧਾਰ 'ਤੇ ਭਾਈਚਾਰੇ ਨੂੰ ਸੁਨੇਹਾ ਦਿੱਤਾ ਜਾਣਾ ਸੀ। ਅਸੀਂ ਮੰਨਦੇ ਹਾਂ ਕਿ ਇਸ ਅਧਿਐਨ ਦੇ ਨਤੀਜੇ ਹੁਣ ਤੱਕ ਦੇ ਸਭ ਤੋਂ ਵੱਧ ਭਰਪੂਰ ਨਤੀਜੇ ਹੋਣਗੇ। ਪਹਿਲਾ ਖਰੜਾ ਮੈਡੀਕਲ ਜਰਨਲ ਨੂੰ ਜਲਦੀ ਹੀ ਭੇਜ ਦਿੱਤਾ ਜਾਵੇਗਾ!

ਜਿਹੜੇ ਇਸ ਮਹੱਤਵਪੂਰਨ ਕਾਰਜ ਤੋਂ ਬਿਹਤਰੀਨ ਪਬਲਿਕ ਹੈਲਥ ਸੰਦੇਸ਼ ਨਿੱਕਲਣਗੇ ਉਹਨਾਂ ਨੂੰ ਤਿਆਰ ਕਰਨ ਵਾਸਤੇ ਅਸੀਂ ਡਾਕਟਰੀ ਸਾਹਿਤ ਦਾ ਇਕ ਬਹੁਤ ਹੀ ਵਿਸਥਾਰ ਵਾਲਾ ਰਿਵਿਊ ਕਰ ਰਹੇ ਹਾਂ। ਅਸੀਂ ਸਾਊਥ ਏਸ਼ੀਅਨ ਲੋਕਾਂ ਅਤੇ ਚੀਨੀ ਭਾਈਚਾਰੇ ਦੇ ਲੋਕਾਂ ਦੇ ਫੋਕਸ ਗਰੁਪ ਕਰਵਾ ਰਹੇ ਹਾਂ ਤਾਂ ਕਿ ਇਹ ਸਮਝਿਆ ਜਾ ਸਕੇ ਕਿ ਉਹਨਾਂ ਨੂੰ ਕਿਸ ਤਰ੍ਹਾਂ ਦੀਆਂ ਬਿਹਤਰੀਨ ਸਿਹਤ ਸੂਚਨਾਵਾਂ (ਖਾਸ ਤੌਰ 'ਤੇ ਦਿਲ ਦੀਆਂ ਸਿਹਤ ਸੰਬੰਧੀ ਸੂਚਨਾਵਾਂ) ਦਿੱਤੀਆਂ ਜਾ ਸਕਦੀਆਂ ਹਨ।

ਅਸੀਂ ਅਜੇ ਹੁਣੇ ਹੀ ਇਹ ਅਧਿਐਨ ਸ਼ੁਰੂ ਕੀਤਾ ਹੈ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਕਿਵੇਂ ਵੱਖ ਵੱਖ ਸਮਿਆਂ ਵਿੱਚ ਲੋਕਾਂ ਦੇ ਨਜ਼ਰੀਏ ਦਾ ਝੁਕਾਅ ਵੱਖ ਵੱਖ ਨਸਲੀ ਸਮੂਹਾਂ/ਗਰੁਪਾਂ ਵਿੱਚ ਅਸਰ ਪਾਉਂਦਾ ਹੈ। ਅਸੀਂ ਯੋਜਨਾ ਬਣਾ ਰਹੇ ਹਾਂ ਕਿ ਨੌਰਥ ਈਸਟ ਕੈਲਗਰੀ ਦੇ ਦਸ਼ਮੇਸ਼ ਕਲਚਰ ਸੈਂਟਰ ਵਿਚ ਇਸੇ ਸਾਲ ਇਕ ਵੱਡੀ ਸ਼ਮੂਲੀਅਤ ਵਾਲੀ ਭਰਤੀ ਕੀਤੀ ਜਾ ਸਕੇ । ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਦੀ ਤਾਂਘ ਰੱਖਣਾ ਜੀ!

ਸਾਊਥ ਏਸ਼ੀਅਨ ਭਾਈਚਾਰੇ ਦੇ ਲੋਕਾਂ ਦੀ ਦਿਲ ਦੀ ਬਿਮਾਰੀ ਦੇ ਖ਼ਤਰੇ ਨੂੰ ਘੱਟ ਕਰਨ ਦੇ ਉਦੇਸ਼ ਨਾਲ ਅਸੀਂ ਛੋਟੇ ਛੋਟੇ ਅਧਿਐਨ ਕਰਵਾ ਰਹੇ ਹਾਂ ਜਿਹੜੇ ਪਰਿਵਾਰਾਂ ਨੂੰ ਕੇਂਦਰ ਵਿੱਚ ਰੱਖ ਕੇ ਵਿਕਾਸ ਅਤੇ ਪਰਖ ਲਈ ਕੀਤੇ ਜਾਣਗੇ। ਅਸੀਂ ਜਲਦੀ ਹੀ ਇਹ ਜਾਂਚ ਸ਼ੁਰੂ ਕਰਾਂਗੇ ਕਿ ਕਿਵੇਂ ਕੋਈ ਖਾਸ ਕਾਊਂਸਲਿੰਗ ਸਟਾਈਲ ਸਾਊਥ ਏਸ਼ੀਅਨ ਭਾਈਚਾਰੇ ਦੇ ਲੋਕਾਂ ਦੇ ਦਿਲ ਦੇ ਰੋਗਾਂ ਦੇ ਖ਼ਤਰਿਆਂ ਨੂੰ ਘੱਟ ਕਰ ਸਕਦਾ ਹੈ ਜਾਂ ਉਸ ਵਿੱਚ ਕੋਈ ਰੁਕਾਵਟ ਪੈਦਾ ਕਰ ਸਕਦਾ ਹੈ।

ਅਧਿਐਨ ਦੇ ਨਤੀਜਿਆਂ ਨੂੰ ਅਸੀਂ ਲਗਾਤਾਰ ਮੈਡੀਕਲ ਅਤੇ ਨਰਸਿੰਗ ਰਸਾਲਿਆਂ ਵਿੱਚ ਪ੍ਰਕਾਸ਼ਿਤ ਕਰਵਾ ਰਹੇ ਹਾਂ ਅਤੇ ਕੋਸ਼ਿਸ਼ ਕਰ ਰਹੇ ਹਾਂ ਕਿ ਇਹਨਾਂ ਨਤੀਜਿਆਂ ਨੂੰ ਭਾਈਚਾਰੇ ਦੇ ਸਾਰੇ ਲੋਕਾਂ ਤੀਕ ਪਹੁੰਚਾ ਸਕੀਏ। ਮੈਨੂੰ ਆਪ ਸਭ ਨੂੰ "ਦਿਲ ਵਾਕ ਗਾਲਾ" 2016 ਤੇ ਮਿਲਣ ਦੀ ਤਾਂਘ ਹੈ।

## ਤੁਹਾਡੇ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਬਹੁਤ ਮਿਹਰਬਾਨੀ!

















Tickets Available at
**www.dilwalk.ca**

# FLOW
## DIL GALA

- **SILENT AUCTION**
- **ENTERTAINMENT**
  LET THE MUSIC FLOW AS YOU DANCE AND ROMANCE YOUR WAY THROUGH AN ITALIAN PIAZZA.
- **GREAT EATS**
  TANTALIZE YOUR TASTE BUDS ALL NIGHT LONG
- **FUNDRAISING GALA**
  ALL FUNDS RAISED TO SUPPORT HEART RESEARCH AND HEART FAILURE CLINIC

**Saturday, 15 October 2016 | 7:00pm** Onwards
at **FERRARI MASERATI OF ALBERTA,** 204 Meridian Road NE

Ferrari Maserati of Alberta

DIL Walk
*from our heart to yours*

**All money raised goes to the DIL WALK FOUNDATION**

The Dil Walk Foundation (DWF) is a Registered Charity Dedicated to increasing the awareness of heart disease

"You must be the change you wish to see in the world."
Mahatma Gandhi

"Never doubt that a small group of thoughtful, committed citizen can change the world. Indeed, it is the only thing that ever has."
Margaret Mead

"As one person I cannot change the world, but I can change the world of one person."
~ Paul Shane Spear

"Unless someone like you cares a whole awful lot, nothing is going to get better. It's not"
Dr. Suess

"Nobody can do everything, but everyone can do something."

"No act of kindness, no matter how small, is ever wasted."
Aesop



# Thank You TO ALL

**Volunteers, Community Organizations, Health Professionals and Donors**

DIL Walk
*from our heart to yours*

# IT'S 3 EASY STEPS




**STEP 1**
**CALL 9-1-1.**



**STEP 2**
**PUSH HARD & FAST**
ABOUT TWICE EVERY SECOND.



**STEP 3**
**DON'T HESITATE**
YOU CAN'T DO HARM

For more information visit
**www.dilwalk.ca** or **call 403 909 7222**

Become a Hero! Learn to save lives. **#DILwalk**